THE PUNJAB STATE BOARD OF TECHNICAL EDUCATION AND INDUSTRIAL TRAINING
PLOT NO. 1-A, SEC. 36-A, CHANDIGARH PH. : 615385, 622584-85 FAX : 660734

ਨੰ:-ਪੀ.ਐਸ.ਬੀ/ਆਈ.ਟੀ/15/154 ਅਤਿ ਜਰੂਰੀ/ਸਮਾਂਬੱਧ ਮਿਤੀ:-11-1-2016 12

ਸੇਵਾ ਵਿਖੇ,

ਪ੍ਰਿੰਸੀਪਲ,
ਸਮੂਹ ਆਈ.ਟੀ.ਆਈ/ਆਈ.ਟੀ.ਸੀ(ਇ:)/ਪ੍ਰਾਈਵੇਟ ਆਈ.ਟੀ.ਸੀ,
ਟੀਚਰ ਟ੍ਰੇਨਿੰਗ ਅਤੇ ਆਰਟ ਐਂਡ ਕਰਾਫਟ ਸੰਸਥਾਵਾਂ, ਪੰਜਾਬ ਰਾਜ ਅਧੀਨ।

**ਵਿਸ਼ਾ:-** ਸੈਸ਼ਨ ਅਗਸਤ 2015 ਦੋਰਾਨ ਕਰਾਫਟਸਮੈਨ ਸਕੀਮ ਅਧੀਨ ਚੱਲ ਰਹੀਆਂ ਟਰੇਡਾਂ, ਆਰਟ ਐਂਡ ਕਰਾਫਟ, ਟੀਚਰ ਟ੍ਰੇਨਿੰਗ ਕੋਰਸ ਅਤੇ ਐਡਵਾਂਸ ਮਡੀਊਲ (ਛੇ ਮਹੀਨੇ ਦੇ ਕੋਰਸ) ਵਿੱਚ ਪ੍ਰੋਵੀਜਨਲ ਦਾਖਲ ਹੋਏ ਸਿਖਿਆਰਥੀਆਂ ਅਤੇ ਵੈਲਫੇਅਰ ਸਕੀਮ ਅਧੀਨ ਦਾਖਲੇ ਹੋਏ ਸਿਖਿਆਰਥੀਆਂ ਦੀਆਂ ਰਜਿਸਟਰੇਸ਼ਨ ਅਤੇ ਏ.ਪੀ.ਐਫ. ਫੀਸ ਬੋਰਡ ਦਫਤਰ ਵਿਖੇ ਜਮਾਂ ਕਰਵਾਉਣ ਸਬੰਧੀ-ਸ਼ਡਿਊਲ।

**ਹਵਾਲਾ:-**ਇਸ ਦਫਤਰ ਦਾ ਪੱਤਰ ਨੰ:- ਪੀ.ਐਸ.ਬੀ/ਆਈ.ਟੀ/15/3217 ਮਿਤੀ 29/9/2015, ਪੱਤਰ ਨੰ:- ਪੀ.ਐਸ.ਬੀ/ਆਈ.ਟੀ/15/3313 ਮਿਤੀ 01/10/2015, ਪੱਤਰ ਨੰ:-3431 ਮਿਤੀ:-6-10-2015, 3902 ਮਿਤੀ:-26-11-2015 ਅਤੇ 4016 ਮਿਤੀ:-9-12-2015 ਦੀ ਲਗਾਤਾਰਤਾ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਾਨਯੋਗ ਸਕੱਤਰ ਸਾਹਿਬ ਜੀ ਵਲੋਂ ਦਿੱਤੀ ਗਈ ਪ੍ਰਵਾਨਗੀ ਦੇ ਸਨਮੁੱਖ ਐਨ.ਆਈ.ਸੀ. ਵਲੋਂ ਆਨ ਲਾਈਨ ਦਾਖਲ ਕੀਤੇ ਗਏ ਸਿਖਿਆਰਥੀਆਂ (ਜਿਨ੍ਹਾਂ ਦੀ ਰਜਿਸਟਰੇਸ਼ਨ ਬੋਰਡ ਦਫਤਰ ਵਿਖੇ ਨਹੀਂ ਕਰਵਾਈ ਗਈ ਹੈ) ਦੀ ਰਜਿਸਟਰੇਸ਼ਨ ਮਿਤੀ:-15-1-2016 ਤੱਕ **100/- + 50/- ਰੁਪਏ/- +1000/- ਰੁਪਏ ਲੇਟ ਫੀਸ ਨਾਲ = ਕੁੱਲ 1150/- ਰੁਪਏ (ਪ੍ਰਤੀ ਸਿਖਿਆਰਥੀ)** ਹਵਾਲਾ ਅਧੀਨ ਪੱਤਰਾਂ ਵਿੱਚ ਦਰਸਾਏ ਗਏ ਲੋੜੀਂਦੇ ਦਸਤਾਵੇਜਾਂ ਨਾਲ ਬੋਰਡ ਦਫਤਰ ਵਿਖੇ ਜਮ੍ਹਾਂ ਕਰਵਾਈ ਜਾਵੇ।

ਇਸ ਤੋਂ ਇਲਾਵਾ ਜਿਹੜੇ ਸਿਖਿਆਰਥੀਆਂ ਦੇ ਏ.ਪੀ.ਐਫ. ਬੋਰਡ ਦਫਤਰ ਵਿਖੇ ਮਿੱਥੀ ਮਿਤੀ ਨੂੰ ਨਹੀਂ ਜਮ੍ਹਾਂ ਕਰਵਾਏ ਗਏ ਹਨ, ਉਹਨਾਂ ਦੇ ਸੰਸਥਾਵਾਂ ਦੇ ਕਰਾਫਟਸਮੈਨ ਸਕੀਮ ਅਧੀਨ **NCVT/SCVT (Semester system & Conventional old pattern)**/ ਆਰਟ ਐਂਡ ਕਰਾਫਟ (ਰੀਅਪੀਅਰ) / ਟੀਚਰ ਟਰੇਨਿੰਗ (ਰੀਅਪੀਅਰ) ਪ੍ਰੀਖਿਆ ਵਿੱਚ ਅਪੀਅਰ ਹੋਣ ਵਾਲੇ ਸਿਖਿਆਰਥੀਆਂ ਦੇ ਏ.ਪੀ.ਐਫ. ਡੀਟੇਲ ਪ੍ਰਫਾਰਮੇ ਬੋਰਡ ਦੁਆਰਾ ਜਾਰੀ ਪੱਤਰ ਨੰਬਰ :- 4188 ਮਿਤੀ:-22-12-2015 ਵਿੱਚ ਜਾਰੀ ਹਦਾਇਤਾਂ ਅਨੁਸਾਰ ਮਿਤੀ:-15-1-2016 ਤੱਕ 1000/-ਰੁਪਏ ਲੇਟ ਫੀਸ ਨਾਲ (ਨਿਰਧਾਰਤ ਫੀਸ ਤੋਂ ਇਲਾਵਾ)ਬੋਰਡ ਦਫਤਰ ਵਿਖੇ ਜਮਾਂ ਕਰਵਾਈ ਜਾਵੇ।

**ਬੋਰਡ ਦਫਤਰ ਵਿਖੇ ਜਿਹੜੀ ਸੰਸਥਾਵਾਂ ਨੇ ਬਿਨ੍ਹਾਂ ਲੇਟ ਫੀਸ ਤੋਂ ਰਜਿਸਟਰੇਸ਼ਨ ਫੀਸ ਅਤੇ ਏ.ਪੀ.ਐਫ. ਫਾਰਮ ਬੋਰਡ ਦਫਤਰ ਦੇ ਕਾਉਂਟਰ ਤੇ ਜਮ੍ਹਾਂ ਕਰਵਾਏ ਹਨ/ਡਾਕ ਰਾਹੀਂ ਬਿਨ੍ਹਾਂ ਲੇਟ ਫੀਸ ਭੇਜੇ ਹਨ, ਉਹ ਸੰਸਥਾਵਾਂ 1000/- ਪ੍ਰਤੀ ਸਿਖਿਆਰਥੀ ਪ੍ਰਤੀ ਸਮੈਸਟਰ ਲੇਟ ਫੀਸ ਮਿਤੀ:-15-1-2016 ਤੱਕ ਜਮ੍ਹਾਂ ਕਰਵਾਉਣੀ ਯਕੀਨੀ ਬਨਾਉਣ।**

ਆਪ ਜੀ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਦਰਸਾਏ ਅਨੁਸਾਰ ਰਜਿਸਟਰੇਸ਼ਨ ਫੀਸ ਲੋੜੀਂਦੇ ਦਸਤਾਵੇਜਾਂ ਸਮੇਤ ਸਮੇਂ ਸਿਰ ਜਮ੍ਹਾਂ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਵਿਦਿਆਰਥੀਆਂ ਦੀ ਪ੍ਰੀਖਿਆ ਸਮੇਂ ਸਿਰ ਲਈ ਜਾ ਸਕੇ। ਇਸ ਮਿਤੀ ਤੋਂ ਬਾਅਦ ਰਜਿਸਟਰੇਸ਼ਨ ਜਾਂ ਏ.ਪੀ.ਐਫ. ਕੇਸ ਵਿਚਾਰਿਆ ਨਹੀਂ ਜਾਵੇਗਾ। ਇਸ ਨੂੰ ਅਤਿ ਜਰੂਰੀ ਸਮਝਿਆ ਜਾਵੇ ਜੀ।

**ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)**

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿਤ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ
2. ਕੰਟਰੋਲਰ (ਵਿੱਤ ਅਤੇ ਲੇਖਾ) ਤਕਨੀਕੀ ਸਿੱਖਿਆ ਬੋਰਡ

Sd-

**ਕੰਟਰੋਲਰ ਪ੍ਰੀਖਿਆਵਾਂ(ਆਈ.ਟੀ)**